ਦਫ਼ਤਰ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) (ਵੈਬਸਾਇਟ ਰਾਹੀਂ)
ਸਮੂਹ ਅੰਗ੍ਰੇਜ਼ੀ ਪ੍ਰੋਜੈਕਟ ਜ਼ਿਲ੍ਹਾ ਕੋਆਰਡੀਨੇਟਰ (ਵੈਬਸਾਇਟ ਰਾਹੀਂ)
ਸਮੂਹ ਸਕੂਲ ਮੁਖੀ (ਵੈਬਸਾਇਟ ਰਾਹੀਂ)

ਮੀਮੋ ਨੰ: ਸਸਅ/ਏ.ਐਸ.ਪੀ.ਡੀ(ਅੰਗ੍ਰੇਜ਼ੀ)/2011/ਸਪੈਸ਼ਲ-3
ਮਿਤੀ: 11-11-2011

**ਵਿਸ਼ਾ :- R.I.E ਚੰਡੀਗੜ੍ਹ ਵਿਖੇ 3 ਮਹੀਨੇ ਦੇ PGCTE ਕੋਰਸ ਵਿੱਚ ਕੇਵਲ ਅੰਗ੍ਰੇਜ਼ੀ ਮਾਸਟਰ ਟ੍ਰੇਨਰ ਭੇਜਣ ਸਬੰਧੀ ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਇਸ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ R.I.E ਸੈਕਟਰ 32, ਚੰਡੀਗੜ੍ਹ ਵਿਖੇ ਮਿਤੀ 21/11/11 ਤੋਂ 18/02/12 ਤੱਕ 96ਵੇਂ PGCTE ਕੋਰਸ ਸ਼ੁਰੂ ਹੋਣ ਜਾ ਰਿਹਾ ਹੈ।

2.0 R.I.E ਸੈਕਟਰ 32, ਚੰਡੀਗੜ੍ਹ ਵੱਲੋਂ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸ਼ੈ.ਸਿ) ਅਤੇ ਡੀ.ਪੀ.ਆਈ ਨੂੰ ਪੱਤਰ ਰਾਹੀਂ ਇਸ ਕੋਰਸ ਵਿੱਚ ਭਾਗ ਲੈਣ ਲਈ ਮਾਸਟਰ ਕੈਡਰ ਜਾਂ ਲੈਚਰਰਾਰ ਕੈਡਰ ਤੋਂ ਨਾਮ ਮੰਗੇ ਗਏ ਹਨ।

3.0 ਕਿਉਕਿ ਸਰਵ ਸਿੱਖਿਆ ਅਭਿਆਨ ਅਧੀਨ ਅੰਗ੍ਰੇਜ਼ੀ ਵਿਸ਼ੇ ਵਿੱਚ ਗੁਣਾਤਮਕ ਸੁਧਾਰ ਦਾ ਪ੍ਰੋਜੈਕਟ ਚਲ ਰਿਹਾ ਹੈ। ਇਸ ਪ੍ਰੋਜੈਕਟ ਵਿੱਚ ਕੰਮ ਕਰ ਰਹੇ ਅੰਗ੍ਰੇਜ਼ੀ ਮਾਸਟਰ ਟ੍ਰੇਨਰਜ਼ (ਈ.ਐਮ.ਟੀਜ਼), ਬਲਾਕ ਪੱਧਰ ਤੇ ਹੋਣ ਵਾਲੀਆਂ ਅੰਗ੍ਰੇਜ਼ੀ ਵਿਸ਼ੇ ਦੀਆਂ ਟ੍ਰੇਨਿੰਗਾਂ/ ਸੈਮੀਨਾਰਾਂ ਵਿੱਚ ਅਧਿਆਪਕਾਂ ਨੂੰ ਟ੍ਰੇਨਿੰਗ ਦਿੰਦੇ ਹਨ।

4.0 ਇਸ ਤੱਥ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਹੈ ਕਿ ਉਕਤ ਕੋਰਸ ਵਿੱਚ ਕੇਵਲ ਈ.ਐਮ.ਟੀਜ਼ ਹੀ ਭਾਗ ਲੈਣਗੇ। ਨਤੀਜੇ ਵੱਜੋਂ ਟ੍ਰੇਨਡ ਈ.ਐਮ.ਟੀਜ਼ ਦੀ ਇੱਕ ਮਜਬੂਤ ਟੀਮ ਤਿਆਰ ਹੋ ਜਾਵੇਗੀ ਅਤੇ ਅੰਗ੍ਰੇਜ਼ੀ ਪ੍ਰੋਜੈਕਟ ਦਾ ਕੰਮ ਹੋਰ ਵੀ ਵਧੀਆ ਤਰੀਕੇ ਨਾਲ ਚੱਲ ਸਕੇਗਾ।

5.0 ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਵੱਲੋਂ ਆਪਣੇ ਪੱਧਰ ਤੇ ਆਪਣੇ ਜ਼ਿਲ੍ਹੇ ਦੇ ਕਿਸੇ ਵੀ ਅਧਿਆਪਕ ਨੂੰ ਇਸ ਕੋਰਸ ਵਿੱਚ ਭਾਗ ਲੈਣ ਲਈ ਨਾ ਭੇਜਿਆ ਜਾਵੇ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ**

ਉਤਾਰਾ: ਮੀਮੋ ਨੰ: ਸਸਅ/(ਅੰਗ੍ਰੇਜ਼ੀ)/

1. ਡੀ.ਐਮ.(ਐਮ.ਆਈ.ਐਸ) ਨੂੰ ਵੈਬਸਾਈਟ ਤੇ ਪਾਉਣ ਲਈ ।

ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ